2) ਉਸ ਨੂੰ ਪਲੇਟ ਵਿੱਚ ਰੱਖ ਕੇ ਖਾਣਾ ਖਿਆਉ

3) ਤੂੰ ਬੜਾ ਮਿਹਨਤੀ ਨੇਕ ਤਜਰਬੇਕਾਰ ਬੰਦਾ ਹੈਂ।

**ਪ੍ਰ8. ਹੇਠ ਲਿਖੀ ਵਾਰਤਾਲਾਪ ਨੂੰ ਸਹੀ ਵਿਸ਼ਰਾਮ ਲਗਾ ਕੇ ਲਿਖੋ: (3)**

ਉਹ ਬਹੁਤ ਬਹਾਦਰ ਹੈ ਨਹੀਂ ਡਰਦਾ ਤੇਰੇ ਕੋਲੋਂ ਰਮਨ ਨੇ ਸੋਹਨ ਨੂੰ ਕਿਹਾ

**ਪ੍ਰ9. ਹੇਠਾਂ ਲਿਖੀਆਂ ਕਾਵਿ ਸਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ। (10)**

ਵਾਸੀ ਦੇਸ਼ ਅਰੂਪ ਦਾ
ਕਰਦਾ ਪਯਾਰ ਅਪਾਰ,
ਰੂਪਵਾਨ ਹੈ ਹੋ ਗਿਆ
ਪਯਾਰੀ ਗੋਦ ਵਿਚਾਲ।

ੳ) ਉਪਰੋਕਤ ਸਤਰਾਂ ਕਿਹੜੀ ਕਵਿਤਾ ਵਿੱਚੋਂ ਹਨ? ਕਵੀ ਦਾ ਨਾਂ ਵੀ ਲਿਖੋ।

ਅ) ਰੂਪਵਾਨ, ਵਿਚਾਲ ਸ਼ਬਦਾਂ ਦੇ ਅਰਥ ਲਿਖੋ।

ੲ) ਉਪਰੋਕਤ ਸਤਰਾਂ ਦੀ ਸੁਰ ਕਿਹੋ ਜਿਹੀ ਹੈ?

ਸ) ਸੱਤਰਾਂ ਦਾ ਭਾਵ ਅਰਥ ਲਿਖੋ।

**ਪ੍ਰ10. ਹੇਠਾਂ ਲਿਖੀਆਂ ਕਾਵਿ-ਸਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸੰਗ ਸਹਿਤ ਵਿਆਖਿਆ ਕਰੋ: (5)**

ਉੱਛਲ, ਉੱਛਲ, ਚਾਅ ਭਰੇ ਭਰੇ ਵਿੱਚ
ਨਾਚ ਜਿਹੀ ਕਰਦੀ ਨੀਲੀ ਜਮਨਾ ਵਗਦੀ
ਸਜੀ ਸੰਗਾਰੀ, ਫੱਬੀ ਵਾਂਗ ਅਪੱਛਰਾਂ ਦੇ

**ਪ੍ਰ11. ਹੇਠਾਂ ਲਿਖੀਆਂ ਕਥਾ-ਅੰਸ਼ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ। (5)**

ਉਹਨਾਂ ਦੀ ਗੱਲ ਛੱਡ, ਉਹ ਤਾਂ ਕਈ ਪਾਸਿਆਂ ਤੋਂ ਪੈਸੇ ਕੁਤਰਦੇ ਰਹਿੰਦੇ ਹਨ। ਅਸੀਂ ਘਟੋ ਘੱਟ ਇਮਾਨਦਾਰ ਤਾਂ ਹਾਂ।

ੳ) ਉਪਰੋਕਤ ਕਥਾ ਅੰਸ਼ ਕਿਸ ਪਾਠ ਵਿੱਚੋਂ ਹੈ ਲੇਖਕ ਦਾ ਨਾਂ ਵੀ ਲਿਖੋ।

ਅ) ਇਹਨਾਂ ਟੂਕਾਂ ਵਿੱਚ ਕਿਸ ਦੀ ਇਮਾਨਦਾਰੀ ਦੀ ਗੱਲ ਕੀਤੀ ਗਈ ਹੈ?

ੲ) ਇਹ ਟੂਕ ਕੌਣ ਕਿਸਨੂੰ ਕਹਿੰਦਾ ਹੈ?

**ਪ੍ਰ12.** ਸਤਿੰਦਰ ਨਾਥ ਦਾ ਸੁਭ ਆਪਣੇ ਸ਼ਬਦਾਂ ਵਿੱਚ ਲਿਖੋ। **(5)**

**ਜਾਂ**

ਸਿਮ ਸੌਫਟ ਦੇ ਸੁਭਾਅ ਬਾਰੇ ਵਿਸਥਾਰ ਨਾਲ ਲਿਖੋ।

**ਪ੍ਰ13.** ਗੁਆਚਿਆ ਮੁੰਡਾ ਨਾਵਲ ਦੇ ਮਹੱਤਵਪੂਰਨ ਪਾਤਰ ਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ। **(10)**

**ਪ੍ਰ14.** ਗੁਰਮਤਿ ਕਾਵਿ ਬਾਰੇ ਤੁਸੀਂ ਕੀ ਜਾਣਦੇ ਹੋ? **(10)**

**ਜਾਂ**

ਸੂਫਿ ਕਾਵਿ ਬਾਰੇ ਤਸੀਂ ਕੀ ਜਾਣਦੇ ਹੋ?

**ਪ੍ਰ15.** ਕਦਰਾਂ ਕੀਮਤਾਂ ਤੇ ਅਧਾਰਤ ਪ੍ਰਸ਼ਨ

ਮੱਧਵਰਗੀ ਵਰਿਵਾਰ ਵਿੱਚ ਮਨੁੱਖ ਕਿਹੜੀਆਂ-ਕਿਹੜੀਆਂ ਆਰਥਕ ਤੰਗੀਆਂ ਦਾ ਸ਼ਿਕਾਰ ਹੁੰਦਾ ਹੈ? ਉਹਨਾਂ ਤੋਂ ਬਚਣ ਲਈ ਉਹ ਕੀ ਕਰ ਸਕਦਾ ਹੈ? **(5)**

# First Term Examination (26 Sept.17)

**Class - XII**

**Paper - Punjabi**

**Set - B**

**Time: 3 hrs.** **MM: 100**

**ਪ੍ਰ1. ਹੇਠਾਂ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:** (10)

ਸਾਡੇ ਦੇਸ਼ ਵਿੱਚ ਛੋਟੀਆਂ-ਛੋਟੀਆਂ ਸਮੱਸਿਆਵਾਂ ਹਨ। ਮਹਿੰਗਾਈ, ਗਰੀਬੀ, ਬੇਰੁਜ਼ਗਾਰੀ, ਵੱਧਦੀ ਅਬਾਦੀ ਆਦਿ ਦੇਖਣ ਨੂੰ ਪਹਾੜ ਲੱਗਦੀਆਂ ਹਨ। ਪਰ ਇਹਨਾਂ ਨੂੰ ਅਸਾਨੀ ਨਾਲ ਨਜਿੱਠਿਆ ਜਾ ਸਕਦਾ ਹੈ। ਅਸਲ ਦਿਕੱਤ ਇਹ ਹੈ ਕਿ ਸਾਡੇ ਵਿੱਚ ਆਚਰਣ ਸ਼ਕਤੀ ਦੀ ਘਾਟ ਹੈ ਜਾਂ ਤਾਂ ਅਸੀਂ ਮੁਸ਼ਕਲ ਨੂੰ ਹੱਲ ਨਹੀਂ ਕਰਨਾ ਚਾਹੁੰਦੇ ਜਾਂ ਫੇਰ ਅਸੀਂ ਆਪਣਾ ਪੂਰਾ ਤਾਣ ਨਹੀਂ ਲਾਉਂਦੇ। ਇਹਨਾ ਦੋਵਾਂ ਵਿੱਚ ਮੰਦੀ ਨੀਤੀ ਵਧੇਰੇ ਭਾਰੂ ਹੈ। ਉਸ ਪਿੱਛੇ ਕਈ ਰਾਜਸੀ ਕਾਰਣ ਹੁੰਦੇ ਹਨ। ਲੋਕਾਂ ਨੂੰ ਰਾਜਨੀਤੀ ਦੀਆਂ ਘਟੀਆ ਚਾਲਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਇਹ ਤਾਂ ਹੀ ਸੰਭਵ ਹੈ ਜੇ ਸਾਰੇ ਦੇਸ਼ ਵਿੱਚ ਵਿੱਦਿਆ ਦਾ ਯੋਗ ਪਸਾਰ ਹੋਵੇ ਤੇ ਜਨ-ਸਧਾਰਨ ਦੀ ਚੇਤਨਾ ਵਿੱਚ ਵਿਕਾਸ ਆਏ।

ਪ੍ਰ.ੳ) ਉੱਪਰ ਦਿੱਤੇ ਪੈਰ੍ਹੇ ਦਾ ਸਿਰਲੇਖ ਕੀ ਹੈ?

ਅ) ਸਾਡੇ ਦੇਸ਼ ਦੀਆਂ ਸਮੱਸਿਆਵਾਂ ਕਿਹੜੀਆਂ ਹਨ?

ੲ) ਸਾਡੀਆਂ ਸਮੱਸਿਆਵਾਂ ਦਾ ਮੂਲ ਕਾਰਨ ਕੀ ਹੈ?

ਸ) ਸਾਡੀਆਂ ਸਮੱਸਿਆਵਾਂ ਦਾ ਹੱਲ ਕਿਵੇਂ ਹੋ ਸਕਦਾ ਹੈ?

**ਪ੍ਰ2. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਤੇ 200 ਸ਼ਬਦਾਂ ਦਾ ਲੇਖ ਲਿਖੋ:** (10)

1) ਗੁਰੂ ਨਾਨਕ ਦੇਵ ਜੀ  3) ਸਮੇਂ ਦੀ ਕਦਰ

2) ਸਫਾਈ ਬਾਰੇ ਜਾਗਰੂਕਤਾ ਦੀ ਲੋੜ  4) ਭ੍ਰਿਸ਼ਟਾਚਾਰ

**ਪ੍ਰ3.** ਆਪਣਾ ਪਲਾਟ ਵੇਚਣ ਲਈ 25-40 ਸ਼ਬਦਾਂ ਦਾ ਇਸ਼ਤਿਹਾਰ ਤਿਆਰ ਕਰੋ। **(7)**

**ਜਾਂ**

'ਏ-ਮੇਲ' ਰਾਹੀਂ ਆਪਣੇ ਮਿੱਤਰ ਜਾਂ ਸਹੇਲੀ ਨੂੰ ਉਸਦੇ ਜਨਮ ਦਿਨ ਦੀ ਵਧਾਈ ਭੇਜੋ।

**ਪ੍ਰ4.** ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਕਿ ਤੁਹਾਡੇ ਇਲਾਕੇ ਵਿੱਚ ਬਿਜਲੀ ਤੇ ਪਾਣੀ ਦੀ ਸਮੱਸਿਆ ਹੈ? **(8)**

**ਪ੍ਰ5. ਹੇਠਾਂ ਲਿਖੇ ਮੁਹਾਵਰਿਆਂ ਵਿੱਚੋਂ ਕੋਈ ਚਾਰ ਮੁਹਾਵਰਿਆਂ ਦੇ ਅਰਥ ਦੱਸ ਕੇ ਨੂੰ ਵਾਕਾਂ ਵਿੱਚ ਵਰਤੋ - (4)**

ਸੋਹਿਲੇ ਗਾਉਣੇ, ਆਈ ਚਲਾਈ ਕਰਨੀ, ਘਿਉ ਦੇ ਦੀਵੇ ਜਗਾਉਣੇ, ਚਾਂਦੀ ਦੀ ਜੁੱਤੀ ਮਾਰਨੀ, ਅੱਖਾਂ ਵਿੱਚ ਰੜਕਣਾ

**ਪ੍ਰ6.ੳ) ਹੇਠਾਂ ਲਿਖਿਆਂ ਵਿੱਚੋਂ ਸ਼ਬਦ ਜੋੜ ਵਾਲਾ ਸਹੀ ਸ਼ਬਦ ਚੁਣੋ:** **(3)**

1) ੳ) ਵਿਆਕਰਨ  ਅ) ਵਿਆਕਰਣ  ੲ) ਵਿਆਕਾਰਨ  ਸ) ਵੀਆਕਰਨ

2) ੳ) ਸਿਹਤ  ਅ) ਸੇਹਤ  ੲ) ਸੀਹਤ  ਸ) ਸਾਹਤ

**ਅ) ਹੇਠਾਂ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** **(2)**

ਸੁਲਜਿਆ, ਆਰਥਕ, ਭਾਸ਼ਨ, ਮੋਬਾਇਲ

**ਪ੍ਰ7. ਹੇਠਾਂ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:** **(3)**

1) ਕਿਰਪਾ ਕਰਕੇ ਮੇਰੇ ਪ੍ਰਸ਼ਨਾਂ ਦਾ ਉੱਤਰ ਦੇਣ ਦੀ ਮਿਹਰਬਾਨੀ ਕਰੋ।